## ਆਓ ਇਨ੍ਹਾਂ ਆਇਤਾਂ ਨੂੰ ਪੜ੍ਹ ਕੇ ਸਮਾਪਤ ਕਰੀਏ:

"ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ [ਯਿਸੂ ਮਸੀਹ] ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ। ਪਰਮੇਸ਼ੁਰ ਨੇ ਪੁੱਤ੍ਰ ਨੂੰ ਜਗਤ ਵਿੱਚ ਇਸ ਲਈ ਨਹੀਂ ਘੱਲਿਆ ਜੋ ਉਹ ਜਗਤ ਨੂੰ ਦੋਸ਼ੀ ਠਹਿਰਾਵੇ, ਸਗੋਂ ਇਸ ਲਈ ਜੋ ਜਗਤ ਉਹ ਦੇ ਰਾਹੀਂ ਬਚਾਇਆ ਜਾਵੇ। ਜਿਹੜਾ ਉਸ ਉੱਤੇ [ਯਿਸੂ ਮਸੀਹ ਉੱਤੇ] ਨਿਹਚਾ ਕਰਦਾ ਹੈ ਉਹ ਦੋਸ਼ੀ ਨਹੀਂ ਠਹਿਰਦਾ, ਪਰ ਜਿਹੜਾ ਨਿਹਚਾ ਨਹੀਂ ਕਰਦਾ ਉਹ ਦੋਸ਼ੀ ਠਹਿਰ ਚੁੱਕਿਆ, ਕਿਉਂਕਿ ਉਸ ਨੇ ਪਰਮੇਸ਼ੁਰ ਦੇ ਇਕਲੌਤੇ ਪੁੱਤ੍ਰ ਦੇ ਨਾਮ ਉੱਤੇ ਨਿਹਚਾ ਨਹੀਂ ਕੀਤੀ ਹੈ।"[4]

"...ਮਨੁੱਖ ਦਾ ਪੁੱਤ੍ਰ [ਯਿਸੂ ਮਸੀਹ] ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ [ਯਿਸੂ ਮਸੀਹ ਦੀ] ਜਾਨ ਦੇਣ ਆਇਆ।"[5]

"ਪਰ ਜਿੰਨਿਆਂ ਨੇ ਉਸ ਨੂੰ [ਯਿਸੂ ਮਸੀਹ ਨੂੰ] ਕਬੂਲ ਕੀਤਾ ਉਸ ਨੇ [ਪਰਮੇਸ਼ੁਰ ਨੇ] ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤ੍ਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ ਦੇ [ਯਿਸੂ ਮਸੀਹ ਦੇ] ਨਾਮ ਉੱਤੇ ਨਿਹਚਾ ਕੀਤੀ।"[6]



ਇਹ ਆਇਤਾਂ ਪਰਮੇਸ਼ੁਰ ਦੇ ਪੁੱਤਰ ਯਿਸੂ ਮਸੀਹ ਬਾਰੇ ਕੀ ਆਖਦੀਆਂ ਹਨ?

### ਇਹ ਆਇਤਾਂ ਸਾਨੂੰ ਆਖਦੀਆਂ ਹਨ ਕਿ

- ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ [ਯਿਸੂ ਮਸੀਹ] ਬਖ਼ਸ਼ ਦਿੱਤਾ।
- ਜੇਕਰ ਅਸੀਂ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਨਿਹਚਾ ਕਰਾਂਗੇ ਤਾਂ ਅਸੀਂ ਨਾਸ ਨਹੀਂ ਹੋਵਾਂਗੇ (ਪਰਮੇਸ਼ੁਰ ਦੇ ਕ੍ਰੋਧ ਦਾ ਸਾਹਮਣਾ ਨਹੀਂ ਕਰਾਂਗੇ) ਪਰ ਸਦੀਪਕ ਜੀਉਣ ਪਾਵਾਂਗੇ।
- ਪਰਮੇਸ਼ੁਰ ਨੇ ਆਪਣੇ ਪੁੱਤ੍ਰ ਯਿਸੂ ਨੂੰ ਜਗਤ ਵਿੱਚ ਇਸ ਲਈ ਨਹੀਂ ਘੱਲਿਆ ਜੋ ਉਹ ਜਗਤ ਨੂੰ ਦੋਸ਼ੀ ਠਹਿਰਾਵੇ, ਸਗੋਂ ਇਸ ਲਈ ਜੋ ਜਗਤ ਉਹ ਦੇ ਰਾਹੀਂ ਬਚਾਇਆ ਜਾਵੇ।
- ਜੇਕਰ ਅਸੀਂ ਯਿਸੂ ਉੱਤੇ ਨਿਹਚਾ ਕਰਾਂਗੇ ਤਾਂ ਦੋਸ਼ੀ ਨਹੀਂ ਠਹਿਰਾਂਗੇ।
- ਮਸੀਹ ਨੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇ ਦਿੱਤੀ ਅਰਥਾਤ ਮਸੀਹ ਨੇ ਮੁੱਲ ਭਰ ਕੇ ਸਾਨੂੰ ਖਰੀਦ ਲਿਆ।
- ਅਖੀਰ ਵਿੱਚ, ਅਸੀਂ ਯਿਸੂ ਮਸੀਹ ਨੂੰ ਕਬੂਲ ਕਰਨਾ ਹੈ ਅਤੇ ਉਸ ਦੇ ਨਾਮ ਉੱਤੇ ਨਿਹਚਾ ਕਰਨੀ ਹੈ, ਤਾਂ ਜੋ ਅਸੀਂ ਪਰਮੇਸ਼ੁਰ ਦੇ ਪੁੱਤ੍ਰ ਹੋਣ ਦਾ ਹੱਕ ਪ੍ਰਾਪਤ ਕਰੀਏ।

1. ਰੋਮੀਆਂ 5:6-10
2. ਰੋਮੀਆਂ 3:23
3. 1 ਕੁਰਿੰਥੀਆਂ 15:1-4
4. ਯੂਹੰਨਾ 3:16-18
5. ਮੱਤੀ 20:28
6. ਯੂਹੰਨਾ 1:12

*(ਕੇਵਲ ਨਿਜੀ ਤੌਰ ਤੇ ਵੰਡੇ ਜਾਣ ਲਈ)*

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**
**whoisjesus008@gmail.com**



# ਯਿਸੂ ਕੌਣ ਹੈ?

Who is jesus tract-Punjabi.indd 1 18-09-2021 14:46:40

# ਯਿਸੂ ਕੌਣ ਹੈ?

ਕੁਝ ਲੋਕ ਆਖਦੇ ਹਨ ਕਿ ਯਿਸੂ ਮਸੀਹ ਇੱਕ ਚੰਗਾ ਉਪਦੇਸ਼ਕ ਸੀ, ਇੱਕ ਚੰਗਾ ਇਨਸਾਨ ਸੀ, ਇੱਕ ਸ਼ਕਤੀਸ਼ਾਲੀ ਨਬੀ ਸੀ; ਜਦਕਿ ਹੋਰ ਲੋਕ ਆਖਦੇ ਹਨ ਕਿ ਉਹ ਪਰਮੇਸ਼ੁਰ ਦਾ ਪੁੱਤ੍ਰ ਸੀ ਅਰਥਾਤ ਦੇਹਧਾਰੀ ਹੋ ਕੇ ਆਇਆ ਪਰਮੇਸ਼ੁਰ ਸੀ।

ਤੁਸੀਂ ਕੀ ਸੋਚਦੇ ਹੋ?

ਯਿਸੂ ਦੇ ਜੀਵਨ ਦਾ ਮਕਸਦ ਕੀ ਸੀ?

ਇਹ ਜਾਣਨਾ ਸਾਡੇ ਲਈ ਮਹੱਤਵਪੂਰਣ ਕਿਉਂ ਹੈ?

ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਲਈ ਸਾਨੂੰ ਬਾਈਬਲ ਦੀਆਂ ਕੁਝ ਆਇਤਾਂ ਨੂੰ ਵੇਖਣਾ ਪਵੇਗਾ, ਤਾਂ ਜੋ ਅਸੀਂ ਪਤਾ ਲਗਾ ਸਕੀਏ ਕਿ ਇਸ ਬਾਰੇ ਬਾਈਬਲ ਕੀ ਆਖਦੀ ਹੈ। ਆਓ ਪੜ੍ਹਨਾ ਅਰੰਭ ਕਰੀਏ:

"ਜਦੋਂ ਅਸੀਂ ਨਿਰਬਲ ਹੀ ਸਾਂ ਤਦੋਂ ਮਸੀਹ ਵੇਲੇ ਸਿਰ ਕੁਧਰਮੀਆਂ ਦੇ ਲਈ ਮੋਇਆ। ਇਹ ਗੱਲ ਤਾਂ ਔਖੀ ਹੈ ਜੋ ਧਰਮੀ ਦੇ ਲਈ ਕੋਈ ਮਰੇ ਪਰ ਕੀ ਜਾਣੀਏ ਜੋ ਭਲੇ ਮਨੁੱਖ ਦੇ ਲਈ ਕੋਈ ਮਰਨ ਨੂੰ ਭੀ ਤਿਆਰ ਹੋ ਜਾਵੇ। ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ ਸੋ ਜਦੋਂ ਅਸੀਂ ਹੁਣ ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ ਤਾਂ ਇਸ ਨਾਲੋਂ ਬਹੁਤ ਵਧ ਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ੁਰ ਨਾਲ ਉਹ ਦੇ ਪੁੱਤ੍ਰ ਦੀ ਮੌਤ ਦੇ ਵਸੀਲੇ ਮਿਲਾਏ ਗਏ ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵਧ ਕੇ ਉਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ।"[1]

"...ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ [ਪਰਮੇਸ਼ੁਰ ਦੀ ਮਹਿਮਾ ਦੇ ਪੱਧਰ ਤੋਂ ਬਹੁਤ ਨੀਵੇਂ ਹਨ]।"[2]

ਇਨ੍ਹਾਂ ਆਇਤਾਂ ਵਿੱਚ ਮਨੁੱਖਾਂ ਬਾਰੇ ਕੁਝ ਤੱਥ ਦਿੱਤੇ ਗਏ ਹਨ। ਇਹ ਆਇਤਾਂ ਦੱਸਦੀਆਂ ਹਨ ਕਿ ਸਾਰੇ ਮਨੁੱਖ ਇਹੋ ਜਿਹੇ ਹਨ:

- ਨਿਰਬਲ
- ਕੁਧਰਮੀ
- ਪਾਪੀ, ਜੋ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ
- ਪਰਮੇਸ਼ੁਰ ਦੇ ਵੈਰੀ (ਆਪਣੇ ਪਾਪੀ ਸੁਭਾਉ ਦੇ ਕਾਰਨ)
- ਜੇਕਰ ਅਸੀਂ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਵਿਸ਼ਵਾਸ ਨਹੀਂ ਕਰਾਂਗੇ, ਤਾਂ ਅਸੀਂ ਪਰਮੇਸ਼ੁਰ ਦੇ ਕ੍ਰੋਧ ਦਾ ਸਾਹਮਣਾ ਕਰਾਂਗੇ

ਇਹ ਆਇਤਾਂ ਇਹ ਵੀ ਦੱਸਦੀਆਂ ਹਨ ਕਿ

- ਮਸੀਹ ਕੁਧਰਮੀਆਂ ਦੇ ਲਈ (ਸਾਡੇ ਸਾਰਿਆਂ ਦੇ ਲਈ) ਮੋਇਆ
- ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ
- ਅਸੀਂ ਮਸੀਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ ਹਾਂ (ਧਰਮੀ ਅਤੇ ਪੂਰੀ ਤਰ੍ਹਾਂ ਪਵਿੱਤਰ ਕੀਤੇ ਗਏ ਹਾਂ)
- ਅਸੀਂ ਮਸੀਹ ਦੇ ਰਾਹੀਂ ਪਰਮੇਸ਼ੁਰ ਦੇ ਕ੍ਰੋਧ ਤੋਂ ਬਚ ਜਾਵਾਂਗੇ
- ਅਸੀਂ ਪਰਮੇਸ਼ੁਰ ਨਾਲ ਮਸੀਹ ਦੀ ਮੌਤ ਦੇ ਵਸੀਲੇ ਮਿਲਾਏ ਗਏ ਹਾਂ (ਅਸੀਂ ਪਰਮੇਸ਼ੁਰ ਦੀ ਮਿਹਰ ਪ੍ਰਾਪਤ ਕਰ ਲਈ ਹੈ)
- ਅਸੀਂ ਮਸੀਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ

ਵਧੇਰੇ ਸਪੱਸ਼ਟਤਾ ਲਈ ਆਓ ਅੱਗੇ ਪੜ੍ਹੀਏ:

"ਹੁਣ ਹੇ ਭਰਾਵੋ, ਮੈਂ ਤੁਹਾਨੂੰ ਉਹ ਖੁਸ਼ਖ਼ਬਰੀ ਚਿਤਾਰਦਾ ਹਾਂ ਜਿਹੜੀ ਮੈਂ ਤੁਹਾਨੂੰ ਸੁਣਾਈ ਸੀ ਜਿਹ ਨੂੰ ਤੁਸਾਂ ਕਬੂਲ ਵੀ ਕੀਤਾ ਅਰ ਜਿਹ ਦੇ ਉੱਤੇ ਤੁਸੀਂ ਖਲੋਤੇ ਵੀ ਹੋ ਅਤੇ ਜਿਹ ਦੇ ਰਾਹੀਂ ਤੁਸੀਂ ਬਚ ਵੀ ਜਾਂਦੇ ਹੋ, ਜੇ ਤੁਸੀਂ ਉਸ ਇੰਜੀਲੀ ਬਚਨ ਨੂੰ ਜਿਹੜਾ ਮੈਂ ਤੁਹਾਨੂੰ ਸੁਣਾਇਆ ਸੀ ਫੜੀ ਰੱਖੋ, ਨਹੀਂ ਤਾਂ ਤੁਹਾਡਾ ਪਤੀਜਣਾ ਐਵੇਂ ਗਿਆ, ਕਿਉਂ ਜੋ ਮੈਂ ਮੁੱਖ ਗੱਲਾਂ ਵਿੱਚੋਂ ਉਹ ਗੱਲ ਤੁਹਾਨੂੰ ਸੌਂਪ ਦਿੱਤੀ ਜਿਹੜੀ ਮੈਨੂੰ ਪਰਾਪਤ ਵੀ ਹੋਈ, ਜੋ ਮਸੀਹ ਪੁਸਤਕਾਂ ਦੇ ਅਨੁਸਾਰ ਸਾਡਿਆਂ ਪਾਪਾਂ ਦੇ ਕਾਰਨ ਮੋਇਆ ਅਤੇ ਇਹ ਕਿ ਦੱਬਿਆ ਗਿਆ ਅਤੇ ਇਹ ਕਿ ਪੁਸਤਕਾਂ ਦੇ ਅਨੁਸਾਰ ਤੀਜੇ ਦਿਹਾੜੇ ਜੀ ਉੱਠਿਆ।"[3]

ਉੱਤੇ ਦਿੱਤੀਆਂ ਗਈਆਂ ਆਇਤਾਂ ਅਨੁਸਾਰ ਖੁਸ਼ਖ਼ਬਰੀ ਕੀ ਹੈ?

- ਮਸੀਹ ਪੁਸਤਕਾਂ ਦੇ ਅਨੁਸਾਰ ਸਾਡਿਆਂ ਪਾਪਾਂ ਦੇ ਕਾਰਨ ਮੋਇਆ
- ਮਸੀਹ ਨੂੰ ਦੱਬਿਆ ਗਿਆ (ਦਫ਼ਨਾਇਆ ਗਿਆ)
- ਮਸੀਹ ਪੁਸਤਕਾਂ ਦੇ ਅਨੁਸਾਰ ਤੀਜੇ ਦਿਹਾੜੇ ਜੀ ਉੱਠਿਆ (ਮ੍ਰਿਤਕਾਂ ਵਿੱਚੋਂ ਜੀਉਂਦਾ ਹੋ ਗਿਆ)

ਇਨ੍ਹਾਂ ਵਿੱਚ ਇਹ ਵੀ ਲਿਖਿਆ ਹੈ ਕਿ

- ਅਸੀਂ ਇਸ ਖੁਸ਼ਖ਼ਬਰੀ ਨੂੰ ਕਬੂਲ ਕਰਨਾ ਹੈ ਅਤੇ ਇਸ ਉੱਤੇ ਵਿਸ਼ਵਾਸ ਕਰਨਾ ਹੈ
- ਅਸੀਂ ਇਸ ਖੁਸ਼ਖ਼ਬਰੀ ਉੱਤੇ ਖਲੋਤੇ ਰਹਿਣਾ ਹੈ ਅਤੇ ਇਸ ਨੂੰ ਫੜੀ ਰੱਖਣਾ ਹੈ
- ਅਸੀਂ ਇਸ ਖੁਸ਼ਖ਼ਬਰੀ ਦੇ ਰਾਹੀਂ ਬਚ ਵੀ ਜਾਂਦੇ ਹਾਂ

Who is jesus tract-Punjabi.indd 2 18-09-2021 14:46:42